
# *** ਮੈਂ ਹਾਂ 'ਸਮਲੰਬ ਚਤੁਰਭੁਜ' ***

ਮੈਂ ਹਾਂ, ਸਮਲੰਬ ਚਤੁਰਭੁਜ...... ਆਉ , ਹੁਣ ਮੈਂ ਤੁਹਾਨੂੰ ਆਪਣੇ ਨਾਮ ਬਾਰੇ ਇੱਕ ਮਜ਼ੇਦਾਰ ਗੱਲ ਦੱਸਾਂ......ਤੁਹਾਨੂੰ ਪਤਾ ਹੀ ਹੈ ਕਿ ਮੇਰਾ ਸਿਰਫ ਸਨਮੁਖ ਭੁਜਾਵਾਂ ਦੇ ਦੋ ਜੋੜਿਆਂ ਵਿੱਚੋਂ ਇੱਕ ਜੋੜਾ ਹੀ ਸਮਾਂਤਰ ਹੁੰਦਾ ਹੈ ਤੇ ਕਿਸੇ ਵੀ ਦੋ ਸਮਾਂਤਰ ਰੇਖਾਵਾਂ ਵਿਚਕਾਰ ਦੂਰੀ ਅਸੀਂ ਲੰਬ ਰੂਪ ਵਿੱਚ ਮਾਪਦੇ ਹਾਂ ਤੇ ਇਹ ਦੂਰੀ ਦੋ ਸਮਾਂਤਰ ਰੇਖਾਵਾਂ ਦੇ ਹਰੇਕ ਬਿੰਦੂ'ਤੇ ਬਰਾਬਰ ਭਾਵ ਸਮਾਨ ਲੰਬ ਹੋਣ ਕਰਕੇ ਹੀ ਮੇਰਾ ਨਾਮ ਸਮਲੰਬ ਚਤੁਰਭੁਜ ਪਿਆ।





ਆਉ , ਹੁਣ ਮੈਂ ਤੁਹਾਨੂੰ ਆਪਣੇ ਬਾਰੇ ਕੁੱਝ ਹੋਰ ਜਾਣਕਾਰੀ ਦੇਵਾਂ:-

1. ਮੇਰੇ 4 ਸਿਖਰ A, B , C , D ਹਨ।
2. ਮੇਰੀਆਂ 4 ਭੁਜਾਵਾਂ AB, BC , CD , DA ਹਨ।
3. ਮੇਰੇ 4 ਕੋਣ $\angle A, \angle B, \angle C, \angle D$ ਹਨ।
4. ਮੇਰੇ ਚਾਰੇ ਕੋਣਾਂ ਦਾ ਜੋੜ $360^\circ$ ਹੁੰਦਾ ਹੈ ਭਾਵ $\angle A + \angle B + \angle C + \angle D = 360^\circ$
5. ਮੇਰੀਆਂ ਆਹਮੋ-ਸਾਹਮਣੇ ਦੀਆਂ ਭੁਜਾਵਾਂ ਦਾ ਸਿਰਫ ਇੱਕ ਜੋੜਾ ਹੀ ਸਮਾਂਤਰ ਹੁੰਦਾ ਹੈ ਭਾਵ ਇੱਥੇ $AB \parallel DC$ ਪਰ $AD \nparallel BC$
6. ਮੇਰੇ ਦੋ ਵਿਕਰਣ AC , BD ਵੀ ਹਨ ।
7. ਨਾ ਤਾਂ ਮੇਰੇ ਵਿਕਰਣ ਆਪਸ ਵਿੱਚ, ਬਰਾਬਰ ਹੁੰਦੇ ਹਨ ਤੇ ਨਾਂ ਹੀ ਇੱਕ-ਦੂਸਰੇ ਦੇ ਸਮਦੁਭਾਜਕ ਹੁੰਦੇ ਹਨ ।
   ਇੱਥੇ ਭਾਵ $AC \neq BD$ ਅਤੇ $AO \neq OC$ , $BO \neq OD$
   ਨਾ ਹੀ ਮੇਰੇ ਵਿਕਰਣ ਆਪਸ ਵਿੱਚ, ਲੰਬ ਹੁੰਦੇ ਹਨ ਭਾਵ $AC \not\perp BD$
8. ਸਮਲੰਬ ਚਤੁਰਭੁਜ ਦਾ ਖੇਤਰਫਲ = $\frac{1}{2}$ X ਸਮਾਂਤਰ ਭੁਜਾਵਾਂ ਦੀਆਂ ਲੰ: ਦਾ ਜੋੜ X ਉਚਾਈ
   $= \frac{1}{2} \times (AB+DC) \times AE$

ਧੰਨਵਾਦ! ਫਿਰ ਮਿਲਾਂਗੇ................................

Scanned by CamScanner

# *** ਵਰਗ ਦਾ ਲੇਖ ***




ਹੈਲੋ ਦੋਸਤੋ! ਕੀ ਹਾਲ ਹੈ ਤੁਹਾਡਾ? ਮੈਂ ਹਾਂ ਤੁਹਾਡਾ ਦੋਸਤ ਵਰਗ।

ਆਉ ਮੈਂ ਤੁਹਾਨੂੰ ਆਪਣੇ ਬਾਰੇ ਜਾਣਕਾਰੀ ਦੇਵਾਂ:-

1. ਮੇਰੇ 4 ਸਿਖਰ A, B , C , D ਹਨ।
2. ਮੇਰੀਆਂ 4 ਭੁਜਾਵਾਂ AB, BC , CD , DA ਹਨ।
3. ਮੇਰੀਆਂ ਚਾਰੇ ਭੁਜਾਵਾਂ ਦੀਆਂ ਲੰਬਾਈਆਂ ਬਰਾਬਰ ਹੁੰਦੀਆਂ ਹਨ, ਭਾਵ AB = BC = CD = DA
4. ਮੇਰੇ 2 ਵਿਕਰਣ AC, BD ਹਨ।
5. ਮੇਰੇ ਵਿਕਰਣਾਂ ਦੀਆਂ ਲੰਬਾਈਆਂ ਵੀ ਬਰਾਬਰ ਹੰਦੀਆਂ ਹਨ ਭਾਵ AC = BD
6. ਮੇਰੇ ਦੋਵੇਂ ਵਿਕਰਣ ਆਪਸ ਵਿੱਚ $90^\circ$ ਦੇ ਕੋਣ ਉੱਤੇ ਕੱਟਦੇ ਹਨ ਭਾਵ ਲੰਬ ਹੁੰਦੇ ਹਨ $AC \perp BD$
7. ਮੇਰੇ ਦੋਵੇਂ ਵਿਕਰਣ ਇੱਕ-ਦੂਸਰੇ ਨੂੰ ਸਮਦੁਭਾਜਿਤ ਵੀ ਕਰਦੇ ਹਨ ਭਾਵ ਇੱਕ-ਦੂਸਰੇ ਦਾ ਅੱਧ ਵੀ ਕਰਦੇ ਹਨ

   ਭਾਵ AO=OC=AC/2 BO=OD=BD/2 ।
8. ਮੇਰੇ 4 ਕੋਣ $\angle A$ , $\angle B$ , $\angle C$ , $\angle D$ ਹਨ।
9. ਮੇਰੇ ਚਾਰੇ ਕੋਣ $90^\circ$ - $90^\circ$ ਦੇ ਮਾਪ ਦੇ ਹੁੰਦੇ ਹਨ ਅਤੇ ਚਾਰੇ ਕੋਣਾਂ ਦਾ ਜੋੜ $360^\circ$ ਹੁੰਦਾ ਹੈ।
10. ਸਮਾਂਤਰ ਚਤੁਰਭੁਜ ਵਾਂਗ ਮੇਰੇ ਲਾਗਵੇਂ ਕੋਣਾਂ ਦਾ ਜੋੜ ਵੀ $180^\circ$ ਹੁੰਦਾ ਹੈ।
11. ਮੇਰੇ ਵਿੱਚ ਸਮਾਂਤਰ ਚਤੁਰਭੁਜ ਦੇ ਸਾਰੇ ਗੁਣ ਹੋਣ ਕਾਰਣ ਮੈਂ ਸਮਾਂਤਰ ਚਤੁਰਭੁਜ ਦੀ ਹੀ ਇੱਕ ਕਿਸਮ ਹਾਂ।
12. ਜੇ ਤੁਹਾਨੂੰ ਮੇਰੀ ਇੱਕ ਭੁਜਾ ਦਾ ਮਾਪ ਪਤਾ ਹੈ ਤਾਂ ਤੁਸੀਂ ਮੇਰਾ ਖੇਤਰਫਲ ਅਤੇ ਪਰਿਮਾਪ ਵੀ ਕੱਢ ਸਕਦੇ ਹੋ ਅਤੇ ਪਰਿਮਾਪ ਵੀ,

    ਸੂਤਰ ਮੈਂ ਤੁਹਾਨੂੰ ਦੱਸਦਾ ਹਾਂ:-

ਵਰਗ ਦਾ ਖੇਤਰਫਲ = ਭੁਜਾ X ਭੁਜਾ ਜਾਂ ½ X ਪਹਿਲਾ ਵਿਕਰਣ X ਦੂਸਰਾ ਵਿਕਰਣ

ਵਰਗ ਦਾ ਪਰਿਮਾਪ = 4 X ਭੁਜਾ


ਵਰਗ ਦੇ ਵਿਕਰਣ ਦੀ ਲੰਬਾਈ = $\sqrt{2}$ X ਭੁਜਾ

******** **ਧੰਨਵਾਦ** ********

Scanned by CamScanner

# ‘ਸਮਚਤੁਰਭੁਜ’ ਦੇ ਵਿਆਹ ਲਈ ਪਿਤਾ ਚਤੁਰਭੁਜ ਵੱਲੋਂ ਇਸ਼ਤਿਹਾਰ

ਮੇਰੇ ਪੁੱਤਰ ‘ਸਮਚਤੁਰਭੁਜ’ ਦੇ ਵਿਆਹ ਲਈ ਇੱਕ ਸੁੰਦਰ ,ਸੁਸ਼ੀਲ ਜੀਵਨਸਾਥਣ ਦੀ ਜ਼ਰੂਰਤ ਹੈ।ਮੇਰੇ ਪੁੱਤਰ ਦੇ ਹੇਠ ਲਿਖੇ ਗੁਣ ਹਨ:-




1.ਇਸਦੇ 4 ਸਿਖਰ A, B , C , D ਹਨ।

2.ਇਸਦੀਆਂ 4 ਭੁਜਾਵਾਂ AB, BC , CD , DA ਹਨ ਤੇ ਵਰਗ ਵਾਂਗ ਇਹ ਚਾਰੇ ਵੀ ਬਰਾਬਰ ਹੁੰਦੀਆਂ ਹਨ, ਭਾਵ $AB = BC = CD = DA$ ਇਹੀ ਇਸ ਦੀ ਪਛਾਣ ਹੈ।

3.ਇਸਦੇ 4 ਕੋਣ $\angle A, \angle B, \angle C, \angle D$ ਹਨ।

4. ਇਸ ਵਿੱਚ ਸਮਾਂਤਰ ਚਤੁਰਭੁਜ ਦੇ ਸਾਰੇ ਗੁਣ ਮੌਜੂਦ ਹਨ,ਉਸਦੇ ਵਾਂਗ ਇਸਦੇ ਸਨਮੁੱਖ ਕੋਣ ਬਰਾਬਰ ਹੁੰਦੇ ਹਨ ਭਾਵ $\angle A = \angle C$ , $\angle B = \angle D$

ਉਸਦੇ ਵਾਂਗ ਇਸਦੇ ਲਾਗਵੇਂ ਕੋਣਾਂ(ਦੋ ਸਮਾਂਤਰ ਰੇਖਾਵਾਂ ਵਿਚਕਾਰ ਕਾਟਵੀਂ ਰੇਖਾ ਦੇ ਕੱਟਣ ਨਾਲ ਇੱਕੋ ਪਾਸੇ ਬਣੇ ਅੰਦਰਲੇ ਕੋਣ) ਦਾ ਜੋੜ $180^\circ$ ਹੁੰਦਾ ਹੈ ਭਾਵ $\angle A + \angle B = 180^\circ$, $\angle B + \angle C = 180^\circ$, $\angle C + \angle D = 180^\circ$, $\angle D + \angle A = 180^\circ$

ਇਸਦੇ ਚਾਰੇ ਕੋਣਾਂ ਦਾ ਜੋੜ ਵੀ $360^\circ$ ਹੁੰਦਾ ਹੈ।

5. ਇਸਦੇ ਦੋ ਵਿਕਰਣ AC , BD ਵੀ ਹਨ ,ਪਰ ਉਹ ਬਰਾਬਰ ਨਹੀਂ ਹੁੰਦੇ ਭਾਵ $AC \neq BD$

6. ਆਇਤ ,ਵਰਗ ਤੇ ਸਮਾਂਤਰ ਚਤੁਰਭੁਜ ਵਾਂਗ ਸਮਚਤੁਰਭੁਜ ਦੇ ਵਿਕਰਣ ਵੀ ਇੱਕ-ਦੂਸਰੇ ਦੇ ਸਮਦੁਭਾਜਕ ਹੁੰਦੇ ਹਨ ਭਾਵ ਇੱਕ-ਦੂਸਰੇ ਦਾ ਅੱਧ ਕਰਦੇ ਹਨ $AO = OC = AC/2$ , $BO = OD = BD/2$

7. ਆਇਤ ਤੇ ਵਰਗ ਵਾਂਗ ਸਮਚਤੁਰਭੁਜ ਦੇ ਵਿਕਰਣ ਵੀ ਇੱਕ-ਦੂਸਰੇ ਉੱਤੇ ਲੰਬ ਹੁੰਦੇ ਹਨ ਭਾਵ ਇੱਕ-ਦੂਸਰੇ ਨੂੰ 90 ਦੇ ਕੋਣ ਉੱਤੇ ਕੱਟਦੇ ਹਨ $AC \perp BD$

8. ਜੇ ਸਮਚਤੁਰਭੁਜ ਦਾ ਇੱਕ ਕੋਣ ਵੀ $90^\circ$ ਦਾ ਹੋ ਗਿਆ ਤਾਂ ਬਾਕੀ ਕੋਣ ਵੀ $90^\circ$-$90^\circ$ ਦੇ ਹੋ ਜਾਣਗੇ ਅਤੇ ਸਮਚਤੁਰਭੁਜ , ਵਰਗ ਵਿੱਚ ਬਦਲ ਜਾਵੇਗਾ।


9. ਸਮਚਤੁਰਭੁਜ ਦਾ ਪਰਿਮਾਪ = 4 X ਭੁਜਾ

ਸਮਚਤੁਰਭੁਜ ਦਾ ਖੇਤਰਫਲ = ½ X ਪਹਿਲਾ ਵਿਕਰਣ X ਦੂਸਰਾ ਵਿਕਰਣ

ਸਾਡੇ ਚਤੁਰਭੁਜਾਂ ਦੇ ਸਮੂਹ ਪਰਿਵਾਰ ਦੀ ਬੇਨਤੀ ਹੈ ਕਿ ਸਾਡੀ ਬੇਨਤੀ ਪਰਵਾਨ ਕਰੋ .....

Scanned by CamScanner

# **** ਆਇਤ ਦੀ ਇੰਟਰਵਿਊ****




ਹਾਂ ਜੀ, ਦੋਸਤੋ! ਅੱਜ ਤੁਹਾਡੇ ਰੂਬਰੂ ਕਰਨ ਜਾ ਰਹੇ ਹਾਂ ਸ਼੍ਰੀ ਚਤੁਰਭੁਜ ਲਾਲ ਜੀ ਦੀ ਸਪੁੱਤਰੀ ਆਇਤ ਨੂੰ...ਲਉ ਜੀ ਇੰਤਜ਼ਾਰ ਦੀਆਂ ਘੜੀਆਂ ਖਤਮ! ਪੇਸ਼ ਹੈ ਆਇਤ ਨਾਲ ਇੰਟਰਵਿਊ ਦੇ ਅੰਸ਼:-

**ਪੱਤਰਕਾਰ:-** ਮੈਡਮ ਤੁਹਾਡਾ ਨਾਮ ਆਇਤ ਕਿਵੇਂ ਪਿਆ?

**ਆਇਤ:-** ਮੇਰਾ ਨਾਮ ਮੇਰੇ ਪਿਤਾ ਸ਼੍ਰੀ ਚਤੁਰਭੁਜ ਲਾਲ ਜੀ ਨੇ ਰੱਖਿਆ, ਸੋ ਇਹ ਉਨ੍ਹਾਂ ਤੋਂ ਹੀ ਪੁੱਛੋ......ਹਾ-ਹਾ-ਹਾ

ਵੈਸੇ ਮੈਂ 4 ਭੁਜਾਵਾਂ ਵਾਲੀ ਅਜਿਹੀ ਬੰਦ ਆਕ੍ਰਿਤੀ ਹਾਂ, ਜਿਸਦੀਆਂ ਸਨਮੁਖ ਭੁਜਾਵਾਂ ਬਰਾਬਰ ਤੇ ਚਾਰੇ ਕੋਣ $90^\circ$- $90^\circ$ਦੇ ਹੁੰਦੇ ਹਨ।

**ਪੱਤਰਕਾਰ:-**ਕਿਰਪਾ ਕਰਕੇ ਤੁਹਾਡੇ ਸਿਖਰਾਂ,ਭੁਜਾਵਾਂ,ਕੋਣਾਂ ਬਾਰੇ ਪਾਠਕਾਂ ਨੂੰ ਜਾਣਕਾਰੀ ਦਿਉ।

**ਆਇਤ:-**ਮੇਰੇ 4 ਸਿਖਰ A , B , C , D ਹਨ। ਮੇਰੀਆਂ 4 ਭੁਜਾਵਾਂ AB , BC , CD , DA ਹਨ ਅਤੇ ਮੇਰੇ 4 ਹੀ ਕੋਣ $\angle A$ , $\angle B$ , $\angle C$ , $\angle D$ ਹਨ ਇੱਕ ਹੋਰ ਗੱਲ ਮੈਂ ਤੁਹਾਨੂੰ ਦੱਸ ਦੇਵਾਂ ਕਿ ਮੇਰੇ ਦੋ ਬਰਾਬਰ ਵਿਕਰਣ AC , BD ਵੀ ਹਨ ਤੇ ਮੇਰੇ ਦੋਵੇਂ ਵਿਕਰਣ ਆਪਸ ਵਿੱਚ $90^\circ$ਦੇ ਕੋਣ ਉੱਤੇ ਕੱਟਦੇ ਹਨ ਭਾਵ ਲੰਬ ਹੁੰਦੇ ਹਨ $AC \perp BD$ , ਵਰਗ ਵਾਂਗ ਮੇਰੇ ਦੋਵੇਂ ਵਿਕਰਣ ਵੀ ਇੱਕ-ਦੂਸਰੇ ਨੂੰ ਸਮਦੁਭਾਜਿਤ ਕਰਦੇ ਹਨ ਭਾਵ ਇੱਕ-ਦੂਸਰੇ ਦਾ ਅੱਧ ਵੀ ਕਰਦੇ ਹਨ ਭਾਵ $AO=OC=AC/2$ ਅਤੇ $BO=OD=BD/2$

**ਪੱਤਰਕਾਰ:-**ਮੈਡਮ ਛੋਟੇ ਬੱਚਿਆਂ ਦੀ ਤੁਹਾਡੇ ਨਾਲ ਸ਼ਿਕਾਇਤ ਹੈ ਕਿ ਵਰਗ ਅਤੇ ਆਇਤ'ਚ ਅੰਤਰ ਕਰਨਾ ਮੁਸ਼ਕਲ ਹੋ ਜਾਂਦਾ ਹੈ।ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?

**ਆਇਤ:-** ਪਿਆਰੇ ਬੱਚਿਓ! ਮੇਰੇ ਭਰਾ ਵਰਗ ਅਤੇ ਮੇਰੇ (ਆਇਤ ) ਵਿੱਚ ਅੰਤਰ ਕਰਨਾ ਬਹੁਤ ਸੌਖਾ ਹੈ

ਵਰਗ ਦੀਆਂ ਚਾਰੇ ਭੁਜਾਵਾਂ ਬਰਾਬਰ ਹੁੰਦੀਆਂ ਹਨ,ਜਦਕਿ ਮੇਰੀਆਂ ਸਿਰਫ ਸਨਮੁਖ ਭੁਜਾਵਾਂ ਬਰਾਬਰ ਹੁੰਦੀਆਂ ਹਨ। ਮੇਰੀ (ਆਇਤ ਦੀ ) ਲੰਬਾਈ ਤੇ ਚੌੜਾਈ ਵੱਖੋ-ਵੱਖ ਹੁੰਦੀ ਹੈ,ਪਰ ਵਰਗ ਦੀ ਲੰਬਾਈ ਤੇ ਚੌੜਾਈ ਬਰਾਬਰ ਹੋਣ ਕਰਕੇ ਉਨ੍ਹਾਂ ਦੀ ਥਾਂ ਭੁਜਾ ਸ਼ਬਦ ਵਰਤਿਆ ਜਾਂਦਾ ਹੈ।

ਹਾਂ ਸਾਡੇ ਦੋਵਾਂ ਭੈਣ-ਭਰਾਵਾਂ ਦੇ ਚਾਰੇ ਕੋਣ $90^\circ$ -$90^\circ$ ਦੇ ਹੁੰਦੇ ਹਨ ਤੇ ਚਾਰੇ ਕੋਣਾਂ ਦਾ ਜੋੜ ਵੀ $360^\circ$ ਹੁੰਦਾ ਹੈ

| | **ਆਇਤ** | **ਵਰਗ** |
|---|---|---|
| **ਖੇਤਰਫਲ** | **ਲੰਬਾਈ X ਚੌੜਾਈ** | **ਭੁਜਾ X ਭੁਜਾ** |
| **ਪਰਿਮਾਪ** | **2 X ( ਲੰਬਾਈ + ਚੌੜਾਈ )** | **4 X ਭੁਜਾ** |


**ਪੱਤਰਕਾਰ:-** ਬੱਚਿਓ! ਮੈਂ ਤੁਹਾਡੇ ਗਿਆਨ ਵਿੱਚ ਹੋਰ ਵਾਧਾ ਕਰ ਦੇਵਾਂ ਕਿ ਵਰਗ ਦੇ ਵਿਕਰਣਾਂ ਦੀਆਂ ਲੰਬਾਈਆਂ ਵੀ ਆਪਸ ਵਿੱਚ ਬਰਾਬਰ ਹੁੰਦੀਆਂ ਹਨ ਤੇ ਆਇਤ ਦੇ ਵੀ।ਵਰਗ ਦੇ ਦੋਵੇਂ ਵਿਕਰਣ ਇੱਕ-ਦੂਸਰੇ ਨੂੰ ਸਮਦੁਭਾਜਿਤ ਕਰਦੇ ਹਨ ਭਾਵ ਇੱਕ-ਦੂਸਰੇ ਦਾ ਅੱਧ ਕਰਦੇ ਹਨ ਅਤੇ ਆਇਤ ਦੇ ਵੀ।ਵਰਗ ਦੇ ਦੋਵੇਂ ਵਿਕਰਣ ਆਪਸ ਵਿੱਚ $90^\circ$ ਦੇ ਕੋਣ ਉੱਤੇ ਕੱਟਦੇ ਹਨ ਭਾਵ ਇੱਕ-ਦੂਸਰੇ ਉੱਤੇ ਲੰਬ ਹੁੰਦੇ ਹਨ ਅਤੇ ਆਇਤ ਦੇ ਵੀ ।

ਮੈਡਮ ਆਇਤ ਜੀ ਦਾ ਗਣਿਤ ਕਾਰਨਰ ਵਿਖੇ ਆਉਣ'ਤੇ ਬਹੁਤ-ਬਹੁਤ ਧੰਨਵਾਦ, ਫਿਰ ਮਿਲਾਂਗੇ.....................ਦਿਉ ਇਜ਼ਾਜ਼ਤ..................

Scanned by CamScanner

## **** ਗੁੰਮਸ਼ੁਦਾ 'ਸਮਾਂਤਰ ਚਤੁਰਭੁਜ' ਦੀ ਭਾਲ ****

ਫੜੋ-ਫੜੋ-ਫੜੋ ! ਹਰੇਕ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਲ੍ਹ ਸ਼ਾਮ 6.00 ਵਜੇ ਜਦੋਂ ਘੜੀ ਦੀ ਮਿੰਟਾਂ ਤੇ ਘੰਟੇ ਵਾਲੀ ਸੂਈ ਕਾਟ ਬਿੰਦੂ ਉੱਤੇ ਸਰਲ ਕੋਣ ਬਣਾ ਰਹੀ ਸੀ,ਤਾਂ ਗਣਿਤ ਕਾਰਨਰ'ਚੋਂ ਸਮਾਂਤਰ ਚਤੁਰਭੁਜ ਨਾਮ ਦਾ ਬੰਦਾ ਭੱਜ ਗਿਆ।




ਇਸ ਦਾ ਰੰਗ ਪੈਨਸਿਲ ਨਾਲ ਬਣੇ ਬਿੰਦੂ ਵਰਗਾ ਕਾਲਾ ਅਤੇ ਦੰਦ ਤ੍ਰਿਭੁਜ ਦੇ ਬਾਹਰੀ ਕੋਣ ਵਾਂਗ ਬਾਹਰ ਹਨ। ਇਸ ਦੀ ਚੰਗੀ ਭੁਗਤ ਸੁਆਰ ਕੇ ਵਾਪਸ ਚਤੁਰਭੁਜ ਦਾ ਪੁੱਤ ਬਣਾਉਣ ਵਾਲੇ ਨੂੰ ਸਿਫਰ ਕੋਣ ਦੇ ਬਰਾਬਰ ਰਾਸ਼ੀ ਇਨਾਮ ਵਜੋਂ ਦਿੱਤੀ ਜਾਵੇਗੀ। ਇਸ ਦੀ ਪਛਾਣ ਬਹੁਤ ਸੌਖੀ ਹੈ, ਲੱਛਣ ਹੇਠ ਲਿਖੇ ਹਨ:-

1.ਇਸਦੇ 4 ਸਿਖਰ A, B , C , D ਹਨ।

2.ਇਸਦੀਆਂ 4 ਭੁਜਾਵਾਂ AB, BC , CD , DA ਹਨ।

3.ਇਸਦੀਆਂ ਸਿਰਫ ਆਹਮੋ-ਸਾਹਮਣੇ ਦੀਆਂ ਭੁਜਾਵਾਂ ਬਰਾਬਰ ਅਤੇ ਸਮਾਂਤਰ ਹੁੰਦੀਆਂ ਹਨ ਭਾਵ $AB = DC$ , $AB \parallel DC$ ਅਤੇ $BC = AD$ , $BC \parallel AD$

4. 4 ਕੋਣ $\angle A$ , $\angle B$ , $\angle C$ , $\angle D$ ਹਨ।

5.ਇਸਦੇ ਸਨਮੁਖ ਕੋਣ ਬਰਾਬਰ ਹੁੰਦੇ ਹਨ ਭਾਵ $\angle A = \angle C$ , $\angle B = \angle D$

6. ਇਸਦੇ ਲਾਗਵੇਂ ਕੋਣਾਂ(ਦੋ ਸਮਾਂਤਰ ਰੇਖਾਵਾਂ ਵਿਚਕਾਰ ਕਾਟਵੀਂ ਰੇਖਾ ਦੇ ਕੱਟਣ ਨਾਲ ਇੱਕੋ ਪਾਸੇ ਬਣੇ ਅੰਦਰਲੇ ਕੋਣ ) ਦਾ ਜੋੜ $180^\circ$ ਹੁੰਦਾ ਹੈ ਭਾਵ $\angle A + \angle B = 180^\circ$ , $\angle B + \angle C = 180^\circ$ , $\angle C + \angle D = 180^\circ$ , $\angle D + \angle A = 180^\circ$

7.ਇਸਦੇ ਚਾਰੇ ਕੋਣਾਂ ਦਾ ਜੋੜ $360^\circ$ ਹੁੰਦਾ ਹੈ।

8.ਇਸਦੇ ਦੋ ਵਿਕਰਣ AC , BD ਵੀ ਹਨ ,ਪਰ ਉਹ ਬਰਾਬਰ ਨਹੀਂ ਹੁੰਦੇ ਭਾਵ $AC \neq BD$

9. ਇਸਦੇ ਵਿਕਰਣ ਵੀ ਵਰਗ ਤੇ ਆਇਤ ਵਾਂਗ ਇੱਕ-ਦੂਸਰੇ ਦੇ ਸਮਦੁਭਾਜਕ ਹੁੰਦੇ ਹਨ ਭਾਵ ਇੱਕ-ਦੂਸਰੇ ਦਾ ਅੱਧ ਕਰਦੇ ਹਨ $AO = OC = AC/2$ , $BO = OD = BD/2$

10.ਪਰ ਇੱਕ ਗੱਲ ਦਾ ਧਿਆਨ ਰੱਖੋ ਕਿ ਵਰਗ ਤੇ ਆਇਤ ਵਾਂਗ ਇਸਦੇ ਵਿਕਰਣ ਇੱਕ-ਦੂਜੇ ਉੱਤੇ ਲੰਬ ਨਹੀਂ ਹੁੰਦੇ।


11. ਜੇ ਸਮਾਂਤਰ ਚਤੁਰਭੁਜ ਦਾ ਇੱਕ ਕੋਣ ਵੀ $90^\circ$ ਦਾ ਹੋ ਗਿਆ ਤਾਂ ਬਾਕੀ ਕੋਣ ਵੀ $90^\circ$-$90^\circ$ਦੇ ਹੋ ਜਾਣਗੇ ਅਤੇ ਸਮਾਂਤਰ ਚਤੁਰਭੁਜ , ਆਇਤ ਵਿੱਚ ਬਦਲ ਜਾਵੇਗਾ।

12. ਸਮਾਂਤਰ ਚਤੁਰਭੁਜ ਦਾ ਖੇਤਰਫਲ = ਆਧਾਰ ( ਕੋਈ ਭੁਜਾ) X ਸਿਖਰਲੰਬ (ਉਸੇ ਭੁਜਾ ਉੱਪਰ ਲੰਬ/ ਉਸੇ ਭੁਜਾ ਦੀ ਸਨਮੁਖ ਭੁਜਾ ਤੋਂ ਦੂਰੀ )

ਓ! ਸਮਾਂਤਰ ਚਤੁਰਭੁਜਾ ਤੇਰੇ ਭਰਾ ਵਰਗ ਤੇ ਭੈਣ ਆਇਤ ਦਾ ਰੋ-ਰੋ ਕੇ ਬੁਰਾ ਹਾਲ ਹੈ, ਜਲਦੀ ਆਪਣੇ ਘਰ ਗਣਿਤ ਕਾਰਨਰ ਵਿੱਚ ਆ ਜਾ...............ਤੇਰਾ ਪਿਉ......ਚਤੁਰਭੁਜ.........

Scanned by CamScanner

# ***ਗਣਿਤ ਦੀ 'ਪਤੰਗ'***




ਹਾਂ ਬਚਿੱਓ! ਹੈਰਾਨ ਹੋ ਗਏ ਨਾ,ਇਹ ਪੜ੍ਹ ਕੇ_ _ _ ਪਰ ਇਹ ਗੱਲ ਬਿਲਕੁਲ ਸਹੀ ਹੈ ਕਿ ਗਣਿਤ ਕੋਲ ਵੀ ਆਪਣਾ ਪਤੰਗ ਹੁੰਦਾ ਹੈ।ਜੀ,ਹਾਂ ਮੈਂ ਗੱਲ ਕਰ ਰਿਹਾਂ ਹਾਂ ਜੀ ... ਸ਼੍ਰੀ ਚਤਰਭੁਜ ਲਾਲ ਜੀ ਦੇ ਅੱਧਾ ਦਰਜ਼ਨ ਬੱਚਿਆਂ ਵਿੱਚੋਂ ਸਭ ਤੋਂ ਛੋਟੇ 'ਪਤੰਗ' ਦੀ। 'ਪਤੰਗ' ਇੱਕ ਤਰ੍ਹਾਂ ਦੀ ਚਤੁਰਭੁਜ ਦੀ ਹੀ ਕਿਸਮ ਹੈ, ਜੇ ਤੁਹਾਨੂੰ ਇਸ ਦੀ ਪਛਾਣ ਕਰਨੀ ਆ ਜਾਵੇ, ਤਾਂ ਤੁਸੀਂ ਬਹੁਤ ਸੌਖਿਆਂ ਹੀ ਇਸ ਨੂੰ ਲੱਭ ਸਕਦੇ ਹੋ :-

ਲਉ ਜੀ, ਤੁਹਾਡੀ ਜਾਣਕਾਰੀ ਲਈ ਪੇਸ਼ ਹੈ ਪਤੰਗ ਦੀ ਪਛਾਣ:-

" ਪਤੰਗ ਇੱਕ ਅਜਿਹਾ ਚਤੁਰਭੁਜ ਹੈ ,ਜਿਸ ਵਿੱਚ ਲਾਗਵੀਆਂ ਭੁਜਾਵਾਂ ਦੇ ਸਿਰਫ ਦੋ ਜੋੜਿਆਂ ਦੀਆਂ ਲੰਬਾਈਆਂ ਹੀ ਬਰਾਬਰ ਹੁੰਦੀਆਂ ਹਨ। "

1. ਇਸਦੇ 4 ਸਿਖਰ A, B , C , D ਹਨ।
2. ਇਸ ਦੀਆਂ 4 ਭੁਜਾਵਾਂ AB, BC , CD , DA ਹਨ
3. ਲਾਗਵੀਆਂ ਭੁਜਾਵਾਂ ਦੇ ਸਿਰਫ ਦੋ ਜੋੜਿਆਂ ਦੀਆਂ ਲੰਬਾਈਆਂ ਹੀ ਬਰਾਬਰ ਹੁੰਦੀਆਂ ਹਨ ਇੱਥੇ $AB = AD$ , $CB = CD$
4. ਇਸਦੇ ਦੋ ਵਿਕਰਣ AC , BD ਵੀ ਹਨ ,ਪਰ ਉਹ ਬਰਾਬਰ ਨਹੀਂ ਹੁੰਦੇ ਭਾਵ $AC \neq BD$
5. ਇਸਦਾ ਸਿਰਫ ਇੱਕ ਵਿਕਰਣ ਹੀ ਦੂਸਰੇ ਦਾ ਸਮਦੁਭਾਜਕ ਹੁੰਦਾ ਹੈ,ਦੂਸਰਾ ਨਹੀਂ ਇੱਥੇ $BO = OD = BD/2$ ਪਰ

   ਇੱਥੇ $AO \neq OC$
6. ਇਸਦੇ ਦੋਵੇਂ ਵਿਕਰਣ ਇੱਕ-ਦੂਸਰੇ ਉੱਤੇ ਲੰਬ ਹੁੰਦੇ ਹਨ ਭਾਵ ਇੱਕ-ਦੂਸਰੇ ਨੂੰ $90^\circ$ ਦੇ ਕੋਣ ਉੱਤੇ ਕੱਟਦੇ ਹਨ $AC \perp BD$
7. ਇਸਦੇ 4 ਕੋਣ $\angle A$ , $\angle B$ , $\angle C$ , $\angle D$ ਹਨ ਤੇ ਚਾਰੇ ਕੋਣਾਂ ਦਾ ਜੋੜ $360^\circ$ ਹੁੰਦਾ ਹੈ

   ਭਾਵ $\angle A + \angle B + \angle C + \angle D = 360^\circ$
8. ਇਸਦੇ ਸਨਮੁਖ ਕੋਣਾਂ ਦਾ ਸਿਰਫ ਇੱਕ ਜੋੜਾ ਬਰਾਬਰ ਹੁੰਦਾ ਹੈ ,ਦੂਸਰਾ ਨਹੀਂ


   ਇੱਥੇ $\angle B = \angle D$ ਹੈ , ਪਰ $\angle A \neq \angle C$

**......ਸੋ ਹੁਣ ਤੁਸੀਂ ਜਦੋਂ ਵੀ ਪਤੰਗ ਉਡਾਓ,ਤਾਂ ਗਣਿਤ ਦੇ ਪਤੰਗ ਨਾਲ ਮੁਕਾਬਲਾ ਕਰਨਾ ਨਾਂ ਭੁੱਲਿਓ......**

**********

Scanned by CamScanner

# ਤ੍ਰਿਭੁਜ ਦਾ ਲੇਖ




1. ਮੈਂ ਹਾਂ ਤਿਕੋਣ ABC
2. ਮੈਂ ਤਿੰਨ ਰੇਖਾਖੰਡਾਂ AB, BC ,CA ਤੋਂ ਬਣੀ ਹੋਈ ਹਾਂ।
3. ਮੇਰੇ ਤਿੰਨ ਸਿਖਰ A , B , C ਹਨ।
4. ਮੇਰੇ ਤਿੰਨ ਕੋਣ ਕੋਣ A , ਕੋਣ B , ਕੋਣ C ਹਨ।
5. ਕੀ ਤੁਹਾਨੂੰ ਪਤਾ ਹੈ ਕਿ ਮੇਰੇ ਤਿੰਨੇ ਕੋਣਾਂ ਦਾ ਜੋੜ $180^\circ$ ਹੁੰਦਾ ਹੈ।
6. ਅਸੀਂ 3 ਭੈਣਾਂ ਅਤੇ 3 ਭਰਾ ਹਾਂ।
7. ਮੇਰੀ ਸਭ ਤੋਂ ਵੱਡੀ ਭੈਣ ਦੀਆਂ ਤਿੰਨੇ ਭੁਜਾਵਾਂ ਦੀਆਂ ਲੰਬਾਈਆਂ ਬਰਾਬਰ ਹੋਣ ਕਰਕੇ ਅਸੀਂ ਉਸਦਾ ਨਾਂ ਸਮਭੁਜੀ ਤ੍ਰਿਭੁਜ ਰੱਖਿਆ ਹੈ,ਉਸ ਦੇ ਤਿੰਨੇ ਕੋਣਾਂ ਦਾ ਮਾਪ ਵੀ $60^\circ$-$60^\circ$ ਦਾ ਹੈ।
8. ਮੇਰੀ ਉਸ ਤੋਂ ਛੋਟੀ ਭੈਣ ਦੀਆਂ ਸਿਰਫ ਦੋ ਭੁਜਾਵਾਂ ਦੀਆਂ ਲੰਬਾਈਆਂ ਬਰਾਬਰ ਹੋਣ ਕਰਕੇ ਅਸੀਂ ਉਸਨੂੰ ਸਮਦੋਭੁਜੀ ਤ੍ਰਿਭੁਜ ਕਹਿੰਦੇ ਹਾਂ।
9. ਉਨ੍ਹਾਂ ਤੋਂ ਛੋਟੀ ਮੈਂ ਹਾਂ, ਮੇਰੀਆਂ ਸਾਰੀਆਂ ਭੁਜਾਵਾਂ ਦੀਆਂ ਲੰਬਾਈਆਂ ਵੱਖੋ-ਵੱਖ ਹੁੰਦੀਆਂ ਹਨ, ਮੇਰਾ ਨਾਂ ਬਿਖਮਭੁਜੀ ਤ੍ਰਿਭੁਜ ਹੈ।

ਆਉ ਹੁਣ ਮੈਂ ਤੁਹਾਡੀ ਜਾਣ-ਪਛਾਣ ਆਪਣੇ ਤਿੰਨੇ ਭਰਾਵਾਂ ਨਾਲ ਕਰਾਵਾਂ :-

10. ਮੇਰੇ ਸਭ ਤੋਂ ਵੱਡੇ ਭਰਾ ਦਾ ਨਾਂ ਅਧਿਕ ਕੋਣੀ ਤਿਕੋਣ ਹੈ,ਤੁਸੀਂ ਸੋਚੋਗੇ ਕਿ ਇਹ ਕਿਸ ਤਰ੍ਹਾਂ ਦਾ ਨਾਂ ਹੈ.... ਪਰ ਕੀ ਕਰੀਏ ਉਸ ਦਾ ਕੋਈ ਇੱਕ ਕੋਣ $90^\circ$ ਤੋਂ ਵਧੇਰੇ ਹੋਣ ਕਰਕੇ ਹੀ ਉਸਦਾ ਇਹ ਨਾਂ ਪਿਆ।
11. ਮੇਰੇ ਉਸ ਤੋਂ ਛੋਟੇ ਭਰਾ ਦਾ ਨਾਂ ਮੇਰੇ ਤਾਇਆ ਜੀ ਸ਼੍ਰੀ ਪਾਈਥਾਗੋਰਸ ਜੀ ਨੇ ਰੱਖਿਆ ਹੈ,ਉਨ੍ਹਾਂ ਨੇ ਇਸ ਦਾ ਨਾਂ ਸਮਕੋਣੀ ਤਿਕੋਣ ਰੱਖਿਆ ਹੈ,ਕਿਉਂਕਿ ਇਸ ਦਾ ਕੋਈ ਇੱਕ ਕੋਣ $90^\circ$ ਦਾ ਹੁੰਦਾ ਹੈ।ਤਾਇਆ ਜੀ ਇਸੇ ਆਧਾਰ ਉੱਤੇ ਪਾਈਥਾਗੋਰਸ ਪ੍ਰਮੇਯ ਲਾਗੂ ਕਰਦੇ ਹਨ।
12. ਸਾਡਾ ਸਭ ਤੋਂ ਛੋਟਾ ਭਰਾ ਨਿਊਨਕੋਣ ਤਿਕੋਣ ਹੈ, ਉਸ ਦੇ ਹਰੇਕ ਕੋਣ ਦਾ ਮਾਪ ਹੀ $90^\circ$ ਤੋਂ ਘੱਟ ਹੁੰਦਾ ਹੈ।

ਅਸੀਂ ਸਾਰੇ ਆਪਣੇ “ਗਣਿਤ ਕਾਰਨਰ” ਵਿੱਚ ਇਕੱਠੇ ਰਹਿੰਦੇ ਹਾਂ, ਤੁਸੀਂ ਕਦੇ ਵੀ ਸਾਨੂੰ ਮਿਲਣ ਆ ਸਕਦੇ ਹੋ........

Scanned by CamScanner